


# ਕੋਵਿਡ–19 ਟੀਕਿਆਂ ਵਿਚ ਕੀ ਹੈ?

**ਕੋਵਿਡ–19 ਟੀਕਿਆਂ ਵਿਚ ਕੋਈ ਜਾਨਵਰਾਂ ਜਾਂ ਅੰਡਿਆਂ ਦੇ ਉਤਪਾਦ, ਜਾਂ ਭਰੂਣ ਸੈੱਲ ਜਾਂ ਉਤਪਾਦ ਨਹੀਂ ਹੁੰਦੇ।**

ਇਸ ਲਈ ਇਹ ਉਨ੍ਹਾਂ ਲੋਕਾਂ ਲਈ ਠੀਕ ਹਨ ਜੋ ਆਪਣੇ ਧਰਮ ਜਾਂ ਖ਼ੁਰਾਕ ਦੀਆਂ ਲੋੜਾਂ ਕਾਰਨ ਵਿਸ਼ੇਸ਼ ਕਿਸਮ ਦਾ ਮੀਟ ਨਹੀਂ ਖਾ ਸਕਦੇ ਜਾਂ ਜੋ ਸ਼ਾਕਾਹਾਰੀ ਹਨ।

ਇਸਦੀ ਸਮੱਗਰੀ ਪ੍ਰਵਾਨਗੀ ਪ੍ਰਕ੍ਰਿਆ ਦੇ ਹਿੱਸੇ ਵਜੋਂ ਪ੍ਰਕਾਸ਼ਿਤ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਸਾਈਟਾਂ ਤੋਂ ਮਿਲ ਸਕਦੀ ਹੈ:

- **Pfizer/BioNTech vaccine**: https://www.gov.uk/government/publications/regulatory-approval-of-pfizer-biontech-vaccine-for-covid-19
- **Oxford-AstraZeneca vaccine**: https://www.gov.uk/government/publications/regulatory-approval-of-covid-19-vaccine-astrazeneca

**ਨੈਸ਼ਨਲ ਹੈਲਥ ਸਰਵਿਸ ਹਰ ਇਕ ਵਿਅਕਤੀ ਨੂੰ ਉਨ੍ਹਾਂ ਦੀ ਸੁਰੱਖਿਆ ਅਤੇ ਜਾਨਾਂ ਬਚਾਉਣ ਵਾਸਤੇ ਟੀਕਾ ਲਗਵਾਉਣ ਲਈ ਉਤਸ਼ਾਹਿਤ ਕਰਦੀ ਹੈ। ਟੀਕਾ ਲਗਵਾਉਣਾ ਹਰ ਇਕ ਦੀ ਆਪਣੀ ਮਰਜੀ ਹੈ ਅਤੇ ਇਹ ਜ਼ਰੂਰੀ ਹੈ ਕਿ ਤੁਸੀਂ ਆਪਣਾ ਫ਼ੈਸਲਾ ਸਹੀ ਜਾਣਕਾਰੀ ਅਤੇ ਤੱਥਾਂ ’ਤੇ ਆਧਾਰਿਤ ਲਵੋ। ਟੀਕਾ ਲਗਵਾਉਣ ਬਾਰੇ ਫ਼ੈਸਲਾ ਕਰਨ ਵੇਲੇ ਹੇਠ ਲਿਖੇ ਸਰੋਤਾਂ ਤੋਂ ਮਿਲੀ ਜਾਣਕਾਰੀ ਤੁਹਾਡੇ ਲਈ ਲਾਭਦਾਇਕ ਹੋ ਸਕਦੀ ਹੈ:**

## ਇਸਲਾਮ ਧਰਮ ਮੰਨਣ ਵਾਲਿਆਂ ਵਾਸਤੇ ਸਲਾਹ

- ਦ ਮੌਸਕਸ ਐਂਡ ਇਮਾਮਜ਼ ਨੈਸ਼ਨਲ ਅਡਵਾਈਜ਼ਰੀ ਬੋਰਡ (MINAB) ਨੇ ਮਸਜਿਦਾਂ ਲਈ ਸ਼ੁੱਕਰਵਾਰ ਦਾ ਉਪਦੇਸ਼ (ਖੁਤਬਾ) ਤਿਆਰ ਕੀਤਾ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਮੁਸਲਮਾਨਾਂ ਨੂੰ ਇਹ ਟੀਕਾ ਕਿਉਂ ਲਗਵਾਉਣਾ ਚਾਹੀਦਾ ਹੈ।

- ਦ ਬ੍ਰਿਟਿਸ਼ ਇਸਲਾਮਿਕ ਮੈਡੀਕਲ ਐਸੋਸੀਏਸ਼ਨ (BIMA) ਨੇ ਮੁਸਲਮਾਨਾਂ ਵਾਸਤੇ Pfizer BioNTech ਅਤੇ Oxford AstraZeneca ਦੋਨ੍ਹਾਂ ਟੀਕਿਆਂ ਨੂੰ ਪ੍ਰਵਾਨਗੀ ਦਿੱਤੀ ਹੈ ਅਤੇ ਬਹੁਤ ਸਾਰੀ ਜਾਣਕਾਰੀ ਤਿਆਰ ਕੀਤੀ ਹੈ ਜੋ ਲੋਕਾਂ ਲਈ ਲਾਭਦਾਇਕ ਹੋ ਸਕਦੀ ਹੈ।

- ਜੀ ਪੀ ਡਾਕਟਰ ਖਾਨ ਦੀ ਵੀਡੀਓ ਜਿਸ ਵਿਚ ਦੱਸਿਆ ਗਿਆ ਹੈ ਕਿ ਟੀਕੇ ਵਿਚ ਜਾਨਵਰਾਂ ਦਾ ਕੋਈ ਉਤਪਾਦ ਨਹੀਂ ਹੈ ਅਤੇ ਇਹ ਮੁਸਲਮਾਨਾਂ ਅਤੇ ਹਿੰਦੂਆਂ ਵਾਸਤੇ ਠੀਕ ਹੈ।




- ***ਕੀ ਮੈਂ ਰਮਜ਼ਾਨ ਦੌਰਾਨ ਟੀਕਾ ਲਗਵਾ ਸਕਦਾ ਹਾਂ? ਕੀ ਇਸ ਨਾਲ ਮੇਰਾ ਰੋਜਾ ਟੁੱਟ ਤਾਂ ਨਹੀਂ ਜਾਵੇਗਾ?***

ਇਸਲਾਮਿਕ ਸਕਾਲਰ ਇਸ ਬਾਰੇ ਵੀ ਸਪੱਸ਼ਟ ਹਨ ਕਿ ਅਣ-ਗਿਜਾਈ ਮਕਸਦਾਂ ਲਈ ਲਗਾਏ ਟੀਕਿਆਂ ਨਾਲ ਰੋਜਾ ਭੰਗ ਨਹੀਂ ਹੁੰਦਾ ਇਸ ਲਈ ਰਮਜ਼ਾਨ ਦੇ ਮਹੀਨੇ ਤੁਸੀਂ ਟੀਕਾ ਲਗਵਾ ਸਕਦੇ ਹੋ।

ਦ ਬ੍ਰਿਟਿਸ਼ ਇਸਲਾਮਿਕ ਮੈਡੀਕਲ ਐਸੋਸੀਏਸ਼ਨ ਨੇ ਵੀ ਰਮਜ਼ਾਨ ਵਿਚ ਰੋਜਾ ਰੱਖਣ ਵਾਲੇ ਮੁਸਲਮਾਨਾਂ ਨੂੰ ਵਿਸ਼ੇਸ਼ ਸਲਾਹ ਜਾਰੀ ਕੀਤੀ ਹੈ ਕਿ ਉਹ ਟੀਕਾ ਲਗਵਾਉਣ ਵਿਚ ਦੇਰੀ ਨਾ ਕਰਨ।

## ਹਿੰਦੂ ਧਰਮ ਮੰਨਣ ਵਾਲਿਆਂ ਲਈ ਸਲਾਹ

- ਨੈਸਦਿਨ ਮੰਦਰ ਨੇ ਗੁਜਰਾਤੀ ਵਿਚ ਇਕ ਵੀਡੀਓ ਤਿਆਰ ਕੀਤੀ ਹੈ ਜਿਸ ਵਿਚ ਕੋਰੋਨਾਵਾਇਰਸ ਬਾਰੇ ਤੱਥ ਦੱਸਦੇ ਹੋਏ, ਟੀਕੇ ਦੀ ਸੁਰੱਖਿਆ ਅਤੇ ਅਸਰ ਬਾਰੇ ਦੱਸਿਆ ਗਿਆ ਹੈ।

- ਜੀ ਪੀ ਡਾਕਟਰ ਖਾਨ ਦੀ ਵੀਡੀਓ ਜਿਸ ਵਿਚ ਦੱਸਿਆ ਗਿਆ ਹੈ ਕਿ ਟੀਕੇ ਵਿਚ ਜਾਨਵਰਾਂ ਦਾ ਕੋਈ ਉਤਪਾਦ ਨਹੀਂ ਹੈ ਅਤੇ ਇਹ ਮੁਸਲਮਾਨਾਂ ਅਤੇ ਹਿੰਦੂਆਂ ਵਾਸਤੇ ਠੀਕ ਹੈ।

## ਯਹੂਦੀ ਲੋਕਾਂ ਵਾਸਤੇ ਸਲਾਹ

- ਯੋਰਪੀਅਨ ਰਬਾਈਜ਼ ਕੌਨਫਰੈਂਸ ਨੇ ਇਹ ਜਾਣਕਾਰੀ ਜਾਰੀ ਕੀਤੀ ਹੈ position I jwnvrW dw auqpwd nhiN hY Aqy ieh statements on the Oxford-AstraZeneca vaccine.

## ਸ਼ਾਕਾਹਾਰੀ ਅਤੇ ਵੀਗਨ ਲੋਕਾਂ ਵਾਸਤੇ ਸਲਾਹ

- ਵੈਜੀਟੇਰੀਅਨ ਸੁਸਾਇਟੀ: what you need to know about the COVID-19 vaccine

- ਵੀਗਨ ਸੁਸਾਇਟੀ: response to COVID-19 vaccine